# <u>ਦਫਤਰ ਨਗਰ ਨਿਗਮ ਹੁਸ਼ਿਆਰਪੁਰ।</u>
# <u>ਪ੍ਰੈਸ ਨੋਟ</u>

## <u>ਵਾਰਡ ਨੰਬਰ 10 ਦੇ ਮੁਹੱਲਾ ਲਾਲ ਗੜ ਵਿਖੇ 33.50 ਲੱਖ ਰੁਪਏ ਦੀ ਲਾਗਤ ਨਾਲ ਤਿਕਸ਼ਨ ਸੂਦ ਨੇ ਇਟਰਲਾਕਿੰਗ ਟਾਈਲਾਂ ਦੇ ਕੰਮ ਦੀ ਕੀਤੀ ਸ਼ੁਰੂਆਤ</u>

ਹੁਸ਼ਿਆਰਪੁਰ 1 ਅਗਸਤ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ:10 ਦੇ ਮੁਹੱਲਾ ਲਾਲ ਗੜ ਵਿਖੇ 33.50 ਲੱਖ ਰੁਪਏ ਦੀ ਲਾਗਤ ਨਾਲ ਇਟਰਲਾਕਿੰਗ ਟਾਈਲਾਂ ਦੇ ਕੰਮ ਦੀ ਸ਼ੁਰੂਆਤ ਰੀਬਨ ਕੱਟ ਕੇ ਕੀਤੀ।ਸੀਨੀਅਰ ਭਾਜਪਾ ਆਗੂ ਜਗਤਾਰ ਸਿੰਘ ਸੈਣੀ ਨੇ ਇਸ ਮੋਕੇ ਤੇ ਨਾਰੀਅਲ ਤੋੜਨ ਦੀ ਰਸਮ ਅਦਾ ਕੀਤੀ। ਮੇਅਰ ਸ਼ਿਵ ਸੂਦ, ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਵੀ ਇਸ ਮੌਕੇ ਤੇ ਉਨਾਂ ਦੇ ਨਾਲ ਸਨ।ਤਿਕਸ਼ਨ ਸੂਦ ਨੇ ਇਸ ਮੋਕੇ ਤੇ ਦਸਿੱਆ ਕਿ ਮੁਹੱਲਾ ਲਾਲ ਗੜ ਦੇ ਬਾਜੀਗਰ ਬਰਾਦਰੀ ਨਾਲ ਸਬੰਧਤ ਪਰਿਵਾਰਾਂ ਵੱਲੋਂ ਗਲੀਆਂ ਪੱਕੀਆ ਬਣਾਉਣ ਸਬੰਧੀ ਮੰਗ ਕੀਤੀ ਗਈ ਸੀ ਜਿਸ ਨੂੰ ਅੱਜ ਪੂਰਾ ਕੀਤਾ ਜਾ ਰਿਹਾ ਹੈ। ਵਾਰਡ ਨੰ: 10 ਦੇ ਕੌਂਸਲਰ ਰਿਟਾਇਰਡ ਡੀ.ਐਸ.ਪੀ ਮਲਕੀਅਤ ਸਿੰਘ ਨੇ ਮੁਹੱਲਾ ਲਾਲ ਗੜ ਵਿੱਚ ਇਟਰਲਾਕਿੰਗ ਟਾਈਲਾਂ ਦੇ ਕੰਮ ਦੀ ਸ਼ੁਰਆਤ ਕਰਨ ਤੇ ਤਿਕਸ਼ਨ ਸੂਦ ਅਤੇ ਮੇਅਰ ਸ਼ਿਵ ਸੂਦ ਦਾ ਮੁਹੱਲਾ ਨਿਵਾਸੀਆਂ ਵੱਲੋਂ ਧੰਨਵਾਦ ਕੀਤਾ।

ਨਗਰ ਨਿਗਮ ਦੇ ਜੇ.ਈ ਲਵਦੀਪ ਕੁਮਾਰ,ਜਗਤਾਰ ਸਿੰਘ ਸੈਣੀ, ਕੌਂਸਲਰ ਨਰਿੰਦਰ ਕੌਰ, ਕੁਲਵੰਤ ਸਿੰਘ ਸੈਣੀ, ਵਿਕਰਮ ਮਹਿਤਾ, ਭਾਜਪਾ ਆਗੂ ਮੁੱਖੀ ਰਾਮ, ਰਾਮਦੇਵ ਯਾਦਵ, ਮਨਜੀਤ ਸਿੰਘ, ਅਰਿਆਣਾ ਰਾਮ, ਰਾਜ ਕੁਮਾਰ, ਜ਼ੋਗਿੰਦਰ ਰਾਮ, ਸੋਨੀ ਲਾਲ, ਸੇਵਾ ਰਾਮ, ਤੇਜਾ ਰਾਮ, ਸੋਹਨ ਲਾਲ, ਵੀਰਾ ਰਾਨੀ, ਹੁਸ਼ਿਆਰੋ, ਸੁੰਦਰ ਰਾਮ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।